# ਪ੍ਰਗਟ ਭਏ ਗੁਰ ਤੇਗ ਬਹਾਦਰ

ਮੁੱਖ-ਸੰਪਾਦਕ
ਡਾ. ਸਤਵੰਤ ਕੌਰ ਮਾਨ
ਸੰਪਾਦਕ
ਅੰਮ੍ਰਿਤਪਾਲ ਕੌਰ ਵਿਰਕ

Scanned with OKEN Scanner

ਅੰਮ੍ਰਿਤਪਾਲ ਕੌਰ ਵਿਰਕ, ਤੇਜਿੰਦਰ ਸਿੰਘ, ਸੰਦੀਪ ਕੌਰ, ਪੈਮਲ ਪ੍ਰੀਤ ਕੌਰ, ਅਨੀਤਾ ਦੇਵੀ, ਕੁਲਦੀਪ ਸਿੰਘ, ਪਰਵੀਨ ਕੌਰ, ਡਾ. ਸੰਦੀਪ ਸਿੰਘ, ਖੋਜਾਰਥੀ ਸਤਿੰਦਰ ਕੌਰ, ਅਰਜੁਨ ਸਿੰਘ, ਬੇਅੰਤ ਕੌਰ ਸਿੱਧੂ। ਮੈਂ ਇਨ੍ਹਾਂ ਸਭ ਸਹਿਯੋਗੀਆਂ ਦੀ ਬਹੁਤ-ਬਹੁਤ ਧੰਨਵਾਦੀ ਹਾਂ। ਸੋ ਪ੍ਰਾਪਤ ਪਰਚਿਆਂ ਨੂੰ ਪੁਸਤਕ ਰੂਪ ਤੱਕ ਦੀ ਸੰਪੂਰਨਤਾ ਦਾ ਕਾਰਜ ਨੇਪਰੇ ਚੜ੍ਹਾਉਣ ਹਿੱਤ ਸਭ ਤੋਂ ਪਹਿਲਾਂ ਅਕਾਲ ਪੁਰਖ ਦੀ ਸ਼ੁਕਰਗੁਜ਼ਾਰ ਹਾਂ।

ਆਸ ਹੈ ਕਿ ਇਸ ਕਿਤਾਬ ਵਿੱਚ ਜੋ ਪਰਚੇ ਛਾਪੇ ਗਏ ਹਨ ਜਿਗਿਆਸੂ ਇਸ ਤੋਂ ਭਰਪੂਰ ਲਾਹਾ ਉਠਾਉਣਗੇ ਅਤੇ ਉਨ੍ਹਾਂ ਨੂੰ ਇਸ ਵਿੱਚੋਂ ਕੁੱਝ ਸਿੱਖਣ ਨੂੰ ਮਿਲੇਗਾ।

**ਅੰਮ੍ਰਿਤਪਾਲ ਕੌਰ ਵਿਰਕ**
ਪੰਜਾਬੀ ਵਿਭਾਗ
ਮਾਤਾ ਸੁੰਦਰੀ ਖ਼ਾਲਸਾ ਗਰਲਜ਼ ਕਾਲਜ
ਨੀਸਿੰਗ, ਕਰਨਾਲ



# ਤਤਕਰਾ

| | | ਪੰਨਾ ਨੰ. |
|---|---|---|
| 1. | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ<br>— ਡਾ. ਸਰਬਜੀਤ ਸਿੰਘ | 1-14 |
| 2. | ਨਾਸ਼ਮਾਨਤਾ ਦੀ ਸੂਝ ਦਾ ਸੰਕਲਪ : ਗੁਰੂ ਤੇਗ ਬਹਾਦਰ ਬਾਣੀ<br>— ਡਾ. ਕੁਲਦੀਪ ਸਿੰਘ | 15-33 |
| 3. | ਮਨੁੱਖੀ ਅਧਿਕਾਰਾਂ ਦੇ ਰਾਖੇ ਗੁਰੂ ਤੇਗ ਬਹਾਦਰ ਜੀ<br>(ਜੀਵਨ, ਬਾਣੀ ਅਤੇ ਬਲਿਦਾਨ ਦੇ ਹਵਾਲੇ ਨਾਲ)<br>— ਡਾ. ਪਰਮਜੀਤ ਕੌਰ ਸਿੱਧੂ | 34-45 |
| 4. | ਗੁਰੂ ਤੇਗ ਬਹਾਦੁਰ ਜੀ ਦਾ ਲਾਸਾਨੀ ਫ਼ਲਸਫ਼ਾ<br>— ਡਾ. ਗੁਰਿੰਦਰ ਸਿੰਘ | 46-50 |
| 5. | ਗੁਰੂ ਤੇਗ ਬਹਾਦਰ ਜੀ : ਜੀਵਨ ਅਤੇ ਦਰਸ਼ਨ<br>— ਡਾ. ਸੁਖਜੀਤ ਕੌਰ | 51-59 |
| 6. | ਗੁਰੂ ਤੇਗ ਬਹਾਦਰ ਜੀ ਦੀ ਗੌਰਵਮਈ ਸ਼ਹਾਦਤ, ਪ੍ਰਭਾਵ ਅਤੇ ਬਾਣੀ ਸੰਦੇਸ਼<br>— ਡਾ. ਜਗਜੀਤ ਕੌਰ | 60-75 |
| 7. | ਗੁਰੂ ਤੇਗ ਬਹਾਦਰ : ਜੀਵਨ, ਬਾਣੀ ਅਤੇ ਸ਼ਹਾਦਤ ਦਾ ਮਾਨਵੀ ਪਰਿਪੇਖ<br>— ਡਾ. ਤਿਲਕ ਰਾਜ | 76-83 |
| 8. | ਸ੍ਰੀ ਗੁਰੂ ਤੇਗ ਬਹਾਦਰ ਜੀ : ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ<br>— ਡਾ. ਸੁਖਵਿੰਦਰ ਕੌਰ ਕੰਵਲ | 84-87 |
| 9. | ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਦਾਰਸ਼ਨਿਕ ਚਿੰਤਨ<br>— ਡਾ. ਗਗਨਦੀਪ ਕੌਰ | 88-101 |
| 10. | ਗੁਰੂ ਭੈਣ : ਬੀਬੀ ਵੀਰੋ ਜੀ<br>— ਡਾ. ਗੁਰਬਾਜ ਸਿੰਘ | 102-107 |
| 11. | ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ<br>— ਡਾ. ਗੁਰਜਿੰਦਰ ਕੌਰ | 108-112 |
| 12. | ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਸਦਾਚਾਰੀ ਜੀਵਨ<br>— ਡਾ. ਸਿਮਰਤ ਪਾਲ | 113-117 |



Scanned with OKEN Scanner

# ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ

ਡਾ. ਗੁਰਜਿੰਦਰ ਕੌਰ*

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਮਾਤਾ ਨਾਨਕੀ ਦੇ ਉਦਰ ਤੋਂ ਅੰਮ੍ਰਿਤਸਰ ਵਿਖੇ 1621 ਈ. ਵਿੱਚ ਹੋਇਆ। ਆਪ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਸਾਹਿਬਜਾਦੇ ਸਨ। ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਤਾਬਿਆ ਹੇਠ ਜੰਗਾਂ-ਯੁੱਧਾਂ ਤੇ ਪਰਮਾਰਥ ਦੇ ਸਾਰੇ ਕੰਮਾਂ ਵਿੱਚ ਆਪ ਜੀ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਬਾਬਾ ਗੁਰਦਿੱਤਾ ਜੀ ਦੇ ਪੁੱਤਰ ਸ੍ਰੀ ਗੁਰੂ ਹਰਿ ਰਾਇ ਜੀ ਦੇ ਗੁਰੂ ਬਣਨ ਨਾਲ ਆਪ ਜੀ ਉਹਨਾਂ ਦੀ ਆਗਿਆ ਨਾਲ ਗੁਰੂ ਘਰ ਦਾ ਸੰਦੇਸ਼ ਲੈ ਕੇ ਗੁਰੂ ਨਾਨਕ ਨਾਮ ਲੇਵਾ ਸੰਗਤ ਕੋਲ ਪੂਰਬ ਵੱਲ ਚਲੇ ਗਏ। ਗੁਰੂ ਹਰਿ ਰਾਇ ਸਾਹਿਬ ਜੀ ਤੋਂ ਬਾਅਦ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਗੁਰ ਗੱਦੀ ਤੇ ਵਿਰਾਜੇ। ਬਾਲ ਅਵਸਥਾ ਵਿੱਚ ਹੀ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਦੇ ਲੋਕਾਂ ਵਿੱਚ ਫੈਲੀ ਮਹਾਂਮਾਰੀ ਦੂਰ ਕਰਨ ਲਈ ਰਾਜਾ ਜੈ ਸਿੰਘ ਦੇ ਬੁਲਾਵੇ ਤੇ ਦਿੱਲੀ ਪਹੁੰਚੇ। ਸ੍ਰੀ ਹਰਿ ਕ੍ਰਿਸ਼ਨ ਜੀ ਦੇ ਭਰਾ ਰਾਮ-ਰਾਇ ਨੇ ਬੜੇ ਅਹੰਕਾਰ ਵਿੱਚ ਭਰ ਕੇ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਕਿਹਾ ਕਿ ਤੇਰੀ ਕਿਰਪਾ ਨਾਲ ਦਿੱਲੀ ਦੀ ਸੰਗਤ ਜਿਸ ਮਹਾਂਮਾਰੀ ਤੋਂ ਠੀਕ ਹੋ ਰਹੀ ਹੈ, ਇਸ ਬੀਮਾਰੀ ਨਾਲ ਤੂੰ ਆਪ ਵੀ ਮਰੇਂਗਾ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਆਪਣੇ ਵੱਡੇ ਭਰਾ ਰਾਮ-ਰਾਇ ਦੇ ਬਚਨਾਂ ਨੂੰ ਝੋਲੀ ਵਿੱਚ ਪੁਆਇਆ ਅਤੇ ਛੇਤੀ ਹੀ ਸ੍ਰੀ ਹਰਿ ਕ੍ਰਿਸ਼ਨ ਜੀ ਵੀ ਅਕਾਲ ਚਲਾਣਾ ਕਰ ਗਏ।

ਸੰਗਤਾਂ ਦੀ ਬੇਨਤੀ ਉਪਰੰਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਗੁਰ-ਗੱਦੀ ਦੇ ਵਾਰਿਸ ਵਜੋਂ 'ਬਾਬਾ-ਬਕਾਲਾ' ਆਖ ਕੇ ਜੋਤੀ-ਜੋਤ ਸਮਾ ਗਏ। "ਦਿੱਲੀ ਦੀ ਸੰਗਤ ਨੂੰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਸੱਭ ਤੋਂ ਪਹਿਲਾਂ ਬਾਬਾ-ਬਕਾਲਾ ਨੂੰ ਗੁਰੂ-ਗੱਦੀ ਤੇ ਸਥਾਪਿਤ ਕੀਤੇ ਜਾਣ ਦਾ ਆਦੇਸ਼ ਦਿੱਤਾ। ਪਰੰਤੂ ਗੁਰੂ ਤੇਗ ਬਹਾਦਰ ਜੀ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਦਾ ਮਾਨ ਮੱਖਣ ਸ਼ਾਹ ਲੁਬਾਣੇ ਨੂੰ ਹੀ ਪ੍ਰਾਪਤ ਹੋਇਆ।"[1]

ਗੁਰੂ ਤੇਗ ਬਹਾਦਰ ਜੀ ਦੇ ਗੁਰ-ਗੱਦੀ ਉੱਤੇ ਸਥਾਪਿਤ ਹੋ ਜਾਣ ਤੋਂ ਬਾਅਦ ਅਗਲੀ ਘਟਨਾ ਸ੍ਰੀ ਆਨੰਦਪੁਰ ਸਾਹਿਬ ਨੂੰ 'ਚੱਕ-ਨਾਨਕੀ' ਨਾਂ ਲਾਲ ਸਥਾਪਿਤ ਕਰਨਾ ਸੀ। ਗੁਰੂ ਤੇਗ ਬਹਾਦਰ ਜੀ ਵਿੱਚ ਸੰਗਤ ਦਾ ਨਿਸ਼ਚਾ ਵੱਧਣ ਲੱਗਾ। ਗੁਰੂ ਤੇਗ ਬਹਾਦਰ ਜੀ ਲਗਭਗ ਸਾਢੇ ਦੱਸ ਵਰ੍ਹੇ ਗੁਰਿਆਈ ਦੀ ਗੱਦੀ ਤੇ ਰਹੇ ਅਤੇ ਸਤਲੁਜ ਤੋਂ ਲੈ ਕੇ ਬ੍ਰਹਮਪੁੱਤਰ ਦੇ ਕੰਢਿਆ

* ਸਹਾਇਕ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ, ਸੰਤਪੁਰਾ (ਯਮੁਨਾਨਗਰ)





ਤਕ ਲੋਕਾਂ ਨੂੰ ਭਗਤੀ, ਵੈਰਾਗ, ਸੁਤੰਤਰਤਾ ਤੇ ਸ੍ਵੈਮਾਨ ਦੀ ਸਿੱਖਿਆ ਸੁਣਾਉਂਦੇ ਰਹੇ। ਇਸ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਤੇ ਹਜਾਰਾਂ ਸ਼ਰਧਾਲੂ ਆਪਦੇ ਸਿੱਖ ਤੇ ਸਨੇਹੀ ਬਣ ਕੇ ਗਏ। ਸਮੇਂ ਦਾ ਹਾਕਮ ਔਰੰਗਜੇਬ ਆਪਣੇ ਰਾਜ ਅਧੀਨ ਸਾਰੇ ਇਲਾਕਿਆਂ ਵਿੱਚ ਗੈਰ-ਮੁਸਲਮਾਨੀ ਪ੍ਰਚਾਰ ਨੂੰ ਹਜ਼ਮ ਨਹੀਂ ਕਰ ਪਾ ਰਿਹਾ ਸੀ। ਔਰੰਗਜੇਬ ਨੇ ਆਪਣੇ ਸਾਰੇ ਸੂਬੇਦਾਰਾਂ ਅਤੇ ਫੌਜੀ ਅਫ਼ਸਰਾਂ ਨੂੰ ਹੁਕਮ ਜਾਰੀ ਕੀਤੇ ਕਿ ਸ਼ਰਾ ਦੇ ਮਾਮਲਿਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ।

ਗੈਰ-ਮੁਸਲਮਾਨੀ, ਸਿਰ ਚੁੱਕਣ ਵਾਲੀ ਹਰ ਤਾਕਤ ਨੂੰ ਦਬਾਇਆ ਜਾਣ ਲੱਗਾ। ਬਾਗੀ ਅਤੇ ਵਿਰੋਧੀ ਲੋਕਾਂ ਦੇ ਸਿਰ ਕਲਮ ਕੀਤੇ ਜਾਣ ਲੱਗੇ ਅਤੇ ਉਹਨਾਂ ਦੇ ਧਾਰਮਿਕ ਚਿਹਨਾਂ ਨੂੰ ਮਲੀਆ ਮੇਟ ਕੀਤਾ ਜਾਣ ਲਗਾ। ਗੁਰੂ ਤੇਗ ਬਹਾਦਰ ਜੀ ਦੇ ਪਿਆਰ ਵਾਲੇ ਸਿੱਖਾਂ ਨੇ ਉਹਨਾਂ ਕੋਲ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੋਂ ਵੀ ਵੱਧ ਦੁਨਿਆਵੀ ਚੀਜਾਂ, ਮਾਲ ਮਤਾਅ, ਲੀੜੇ-ਲੜੇ, ਨਕਦੀ, ਵਸਤਾਂ, ਘੋੜਿਆਂ ਤੇ ਹਾਥੀਆਂ ਦਾ ਚੋਖਾ ਭੰਡਾਰ ਲਾ ਦਿੱਤਾ। ਬਾਦਸ਼ਾਹ ਔਰੰਗਜੇਬ ਨੇ ਉਸ ਦੀ ਜਥੇਬੰਦੀ, ਸ਼ਾਨ-ਸ਼ੌਕਤ ਤੇ ਕਥਨੋ ਬਾਹਰੀ ਚੜ੍ਹਤਲ ਦੀ ਗੱਲ ਸੁਣ ਕੇ ਆਪਦੇ ਤਕੜੇ ਸਵਾਰਾਂ ਦਾ ਇਕ ਜਥਾ ਭੇਜ ਕੇ ਗੁਰੂ ਤੇਗ ਬਹਾਦਰ ਜੀ ਨੂੰ ਵਰਜਿਆ। ਸ੍ਰੀ ਹਰਿ ਕ੍ਰਿਸ਼ਨ ਜੀ ਦੇ ਭਰਾ ਰਾਮ ਰਾਏ ਨੇ ਔਰੰਗਜੇਬ ਦੀ ਹਜੂਰੀ ਵਿੱਚ ਖਬਰ, ਪਹੁੰਚਾਈ ਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਚਲਾਣੇ ਪਿਛੋਂ ਗੁਰੂ ਤੇਗ ਬਹਾਦਰ ਨੇ, ਜਿਹੜਾ ਗੁਰ-ਗੱਦੀ ਦਾ ਕੋਈ ਹੱਕ ਨਹੀਂ ਸੀ ਰੱਖਦਾ ਉਸਨੇ ਰਿਸ਼ਵਤਖੋਰ ਅਫ਼ਸਰਾਂ ਨੂੰ ਰਿਸ਼ਵਤ ਦੇ ਕੇ ਆਪਣਾ ਮਦਦਗਾਰ ਬਣਾ ਕੇ ਲੋਕਾਂ ਨੂੰ ਪੁੱਠੇ ਰਸਤੇ ਪਾ ਕੇ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਤੇ ਕਰਾਮਾਤਾਂ ਦਾ ਧਾਰਨੀ ਦੱਸਣਾ ਆਰੰਭ ਕਰ ਦਿੱਤਾ ਹੈ।

ਔਰੰਗਜੇਬ ਵੈਸੇ ਹੀ ਸਿੱਖ ਗੁਰੂਆਂ ਨੂੰ ਬਰਦਾਸ਼ਤ ਨਹੀਂ ਸੀ ਕਰਦਾ ਉਸਨੇ ਗੁਰੂ ਗੱਦੀ ਨੂੰ ਹੋਰ ਅਗਾਂਹ ਤੋਰਨ ਲਈ ਗੁਰੂ ਹਰਿ ਰਾਇ ਜੀ ਨੂੰ ਵੀ ਆਪਣੀ ਨਾਰਾਜਗੀ ਦਿਖਾਈ ਸੀ। ਉਹ ਨਹੀਂ ਸੀ ਚਾਹੁੰਦਾ ਕਿ ਗੁਰੂ ਪੰਥ ਇਸ ਤਰ੍ਹਾਂ ਆਪਣੀ ਸੁਤੰਤਰ ਹੋਂਦ ਵਿੱਚ ਹੋਰ ਅੱਗੇ ਫੈਲੇ।

"ਗੁਰੂ ਨਾਨਕ ਸਾਹਿਬ ਲੇ ਸਿੱਖ ਲਹਿਰ ਨੂੰ ਯੋਜਨਾ ਬੱਧ ਕਰਨ ਲਈ ਗੁਰਗੱਦੀ ਨੂੰ ਦੱਸ ਜੋਤਾਂ ਤੱਕ ਚਲਾਇਆ। ਸਿੱਖਾਂ ਨੂੰ ਸਾਵਧਾਨ ਵੀ ਗੁਰੂ ਨਾਨਕ ਨੇ ਹੀ ਕਰ ਦਿੱਤਾ ਸੀ ਜਦੋਂ ਉਹ ਆਪਣੀ ਬਾਣੀ ਵਿੱਚ ਲਿਖਦੇ ਸੀ।"[2]

"ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ"[3]

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਘਰੋਂ ਬਾਹਰ ਰਹਿ ਕੇ ਕੁਰਾਹੇ ਪਏ, ਰੱਤ ਪੀਣ ਵਾਲੇ, ਮਨੁੱਖੀ ਜੂਨੀ ਦੇ ਭੇਸ ਵਿੱਚ ਰਾਕਸ਼ਾ ਦਾ ਗਿਆਨ ਖੜ੍ਹਗ ਨਾਲ ਮੁਕਾਬਲਾ ਕੀਤਾ। ਜਿਸ ਨਾਲ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਜੀਉਣ ਲਈ ਨਵੀਂ ਜੀਵਨ ਜਾਂਚ ਪ੍ਰਾਪਤ ਹੋਈ।

Scanned with OKEN Scanner

ਗੁਰੂ ਅੰਗਦ ਦੇਵ ਜੀ ਨੇ ਲੋਕਾਂ ਵਿੱਚ ਆਪਣੀ ਮਾਂ-ਬੋਲੀ ਬਾਰੇ ਸਵੈਮਾਨ ਜਗਾਇਆ। ਗੁਰੂ ਅਮਰਦਾਸ ਜੀ ਨੇ ਸਾਂਝਾ ਲੰਗਰ ਲਾ ਕੇ ਜਾਤ-ਪਾਤ ਦਾ ਵਹਿਮ ਤੋੜਿਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿਖਾਂ ਦੀ ਏਕਤਾ ਨੂੰ ਮਜਬੂਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸਾਂਝਾ ਗ੍ਰੰਥ ਤੇ ਪੰਥ ਚਲਾ ਕੇ ਇਲਾਹੀ ਬਾਣੀ ਦੀ ਸੁਰ ਨੂੰ ਮਜਬੂਤੀ ਦਿੱਤੀ।

ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਨੂੰ ਧਾਰਨ ਕੀਤਾ। ਭਾਵ ਧਰਮ ਦੀ ਸੁਰੱਖਿਆ ਲਈ ਰਾਜਨੀਤਕ ਸੱਤਾ ਵੀ ਧਾਰਨ ਕੀਤੀ। "ਮੀਰੀ-ਪੀਰੀ ਦੇ ਨਾਲ ਸੰਤ-ਸਿਪਾਹੀਆਂ ਵਾਲੀ ਕੌਮ ਬਣ ਜਾਣ ਦੀ ਗੱਲ ਸਮੇਂ ਦੀ ਹਕੂਮਤ ਨੂੰ ਗਵਾਰਾ ਨਹੀਂ ਸੀ ਉਹਨਾਂ ਨੇ ਹੁਕਮ ਦਿੱਤਾ ਕਿ ਨਾਨਕ-ਪੰਥੀ ਪਹਿਲਾਂ ਵਾਂਗ ਫਕੀਰੀ ਅਤੇ ਦੀਨਤਾ ਦਾ ਜੀਵਨ ਬਤੀਤ ਕਰਨ ਅਤੇ ਮੁਸਲਮਾਨੀ ਫ਼ਕੀਰਾਂ ਵਾਂਗ ਗੁਮਨਾਮੀ ਨਾਲ ਸਮਾਂ ਕੱਟਣ ਅਜਿਹਾ ਕਰਨ ਨਾਲ ਸਰਕਾਰੀ ਖਜਾਨੇ ਵਿੱਚੋਂ ਵੀ ਉਹਨਾਂ ਨੂੰ ਲੋੜ ਅਨੁਸਾਰ ਸਹਾਇਤਾ ਪਹੁੰਚ ਜਾਵੇਗੀ।"[4]

ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਸਿੱਖ ਲਹਿਰ ਦਾ ਇਹ ਰਵਈਆ ਰਿਹਾ ਕਿ ਜਬਰ ਮਰਵਾਣੇ ਦੇ ਮੱਥੇ ਨਹੀਂ ਲਗਣਾ। ਸਮਾਂ ਆਇਆ ਤੇ ਸ਼ਾਂਤਮਈ ਸੂਰਮਿਆਂ ਦੀਆਂ 'ਛਪਰੀਆਂ' 'ਛਾਉਣੀਆਂ' ਬਣਨ ਲੱਗੀਆਂ ਤੇ ਮਾਲਾ ਦੇ ਮਣਕਿਆਂ ਦੇ ਨਾਲ-ਨਾਲ ਤੇਗਾਂ ਵੀ ਲਿਸ਼ਕਣ ਲੱਗੀਆਂ। ਸਿੱਖ ਫਲਸਫ਼ੇ ਵਿੱਚ ਆਏ ਇਸ ਮੋੜ ਨਾਲ ਚਿੜੀਆਂ ਨੇ ਬਾਜਾਂ ਦਾ ਸ਼ਿਕਾਰ ਕੀਤਾ ਅਤੇ ਨੀਵੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਵਿੱਚੋਂ ਸਿੰਘ ਸੂਰਮੇ ਗੱਜਣ ਲੱਗੇ। ਆਪਣੇ ਅੰਦਰੂਨੀ ਭੈ ਤੋਂ ਮੁਕਤ ਹੋ ਕੇ ਸਿੰਘ ਆਪਣੇ ਕੋਲ ਹਥਿਆਰ ਰੱਖਣਲੱਗੇ ਅਤੇ ਜ਼ੁਲਮ ਵਿਰੁੱਧ ਆਵਾਜ਼ ਵੀ ਬੁਲੰਦ ਕਰਨ ਲੱਗੇ। ਪਰੰਤੂ ਸਮਕਾਲੀ ਪਰਸਥਿਤੀਆਂ ਦੇ ਵਿਵੇਚਨ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੇ ਕਿਸੇ ਵੀ ਤਰ੍ਹਾਂ ਦੇ ਫੌਜੀ ਸੰਗਠਨ ਦੀ ਅਗਵਾਈ ਨਹੀਂ ਕੀਤੀ ਪਰੰਤੂ ਫਿਰ ਵੀ ਸਮੇਂ ਦਾ ਹਾਕਮ ਔਰੰਗਜੇਬ ਗੁਰੂ ਤੇਗ ਬਹਾਦਰ ਜੀ ਨੂੰ ਕੋਈ ਧਾਰਮਿਕ ਆਗੂ ਸਮਝਣ ਦੀ ਥਾਂ ਆਪਦਾ ਰਾਜਨੀਤਕ ਦੁਸ਼ਮਣ ਹੀ ਸਮਝਦਾ ਸੀ। ਕਸ਼ਮੀਰੀ ਪੰਡਿਤਾਂ ਦੀ ਫਰਿਆਦ ਉੱਤੇ ਗੁਰੂ ਤੇਗ ਬਹਾਦਰ ਜੀ ਨੇ ਇਕ ਕ੍ਰਾਂਤੀਕਾਰੀ ਆਗੂ ਬਣ ਕੇ ਆਪਣਾ ਬਲਿਦਾਨ ਦਿੱਤਾ।

ਇਥੇ ਹੀ ਦਿੱਲੀ ਚਾਂਦਨੀ ਚੌਕ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਦਿੱਤਾ ਬਲਿਦਾਨ ਖਾਲਸਾ ਪੰਥ ਦੀ ਸਾਜਨਾ ਦਾ ਰਾਹ ਖੋਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਭਾਈ ਜੈਤਾ ਜੀ ਨੂੰ ਕੀਤਾ ਗਿਆ ਸਵਾਲ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੇਲੇ ਕਿਸੇ ਸਿੱਖ ਨੇ ਵੀ ਹਾਂ ਦਾ ਨਾਰਾ ਨਾ ਮਾਰਿਆ। ਭਾਈ ਜੈਤਾ ਜੀ ਵੱਲੋਂ ਇਸ ਵੇਲੇ ਦਿੱਤਾ ਗਿਆ ਜਵਾਬ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੇ ਸੰਕਲਪ ਨੂੰ ਸਰਗਰਮੀ ਦਿੰਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਗੁਰੂ ਪਦਵੀ ਦੀ ਜਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਇਹ ਵੀ ਦ੍ਰਿੜ੍ਹ ਸੰਕਲਪ ਲੈਂਦੇ ਹਨ ਕਿ ਹੁਣ ਮੈਂ ਆਪਣੇ ਸਿੱਖਾਂ ਨੂੰ ਸਿੰਘ ਸਜਾ ਕੇ ਅਜਿਹਾ ਬਾਣਾ ਦੇਵਾਂਗਾ ਜੋ ਲੱਖਾਂ-ਕਰੋੜਾਂ ਵਿੱਚੋਂ ਵੀ ਪਛਾਣਿਆ ਜਾਵੇਗਾ। ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਨਾਲ ਹੀ ਗੁਰੂ ਗੋਬਿੰਦ ਸਿੰਘ



ਜੀ ਨੇ ਢਹਿੰਦੀ ਤੇ ਕੁਰਲਾਂਦੀ ਇਨਸਾਨੀਅਤ ਨੂੰ ਨਿਰਾਸ਼ਤਾ ਵਿੱਚੋਂ ਕੱਢ ਕੇ ਨਿਰਭੈ ਪਦ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ।

Dr. J.S. Grewal ਲਿਖਦੇ ਹਨ ਕਿ "ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਵਿਕਾਸ ਤੇ ਇਤਿਹਾਸ ਵਿੱਚ ਇਕ ਬੜੀ ਗਤੀਸ਼ੀਲ ਭੂਮਿਕਾ ਨਿਭਾਉਂਦੇ ਹਨ।"[5] ਉਹ ਆਪਣੇ ਪਿਤਾ ਦੇ ਦਿੱਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਗਤੀ ਪ੍ਰਦਾਨ ਕਰਦੇ ਹੋਏ ਸਿੱਖ ਇਤਿਹਾਸ ਦੇ ਦ੍ਰਿੜਤਾ ਦੇ ਸੰਕਲਪ ਨੂੰ ਮੁੜ ਸੁਰਜੀਤ ਕਰਦੇ ਹਨ ਅਤੇ ਆਪਣੇ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਦੇ ਪੁੱਤਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਹੋਣ ਦੇ ਵਿਚਕਾਰ ਇਤਿਹਾਸਕ ਕੜੀ ਬਣਦੇ ਹਨ।

ਸੀਸ ਤਲੀ ਤੇ ਧਰ ਕੇ ਬੇਖ਼ੌਫ਼ ਸ਼ਹਾਦਤ ਦਾ ਜਾਮ ਉਸ ਤਿਲਕ ਜੰਞੂ ਦੀ ਰਾਖੀ ਲਈ ਪੀ ਗਏ ਜਿਸ ਤਿਲਕ ਜੰਞੂ ਨੂੰ ਗੁਰੂ ਨਾਨਕ ਦੇਵ ਜੀ ਨੇ ਧਾਰਨ ਕਰਨ ਤੋਂ ਇਨਕਾਰ ਕੀਤਾ ਸੀ। ਇਸ ਸ਼ਹਾਦਤ ਨਾਲ ਗੁਰੂ ਤੇਗ ਬਹਾਦਰ ਜੀ 'ਤਿਲਕ ਜੰਞੂ' ਦੀ ਰਾਖੀ ਲਈ ਬਲਿਦਾਨ ਦੇ ਕੇ ਇਸ ਨੂੰ ਧਾਰਨ ਕਰਨ ਉੱਤੇ ਮੋਹਰ ਨਹੀਂ ਲਾਉਂਦੇ ਸਗੋਂ ਉਹ ਆਪਣੀ ਸ਼ਹਾਦਤ ਨਾਲ 'ਧਰਮ ਦੀ ਆਜ਼ਾਦੀ ਦੀ ਮੰਗ' ਤੇ ਪਹਿਰਾ ਦਿੰਦੇ ਹਨ। ਗੁਰੂ ਤੇਗ ਬਹਾਦਰ ਜੀ ਇਸਲਾਮ ਧਰਮ ਦੇ ਵਿਰੁੱਧ ਨਹੀਂ ਸਨ ਪਰ ਉਹਨਾਂ ਨੂੰ ਇਹ ਵੀ ਮਨਜ਼ੂਰ ਨਹੀਂ ਸੀ ਕਿ ਕਿਸੇ ਦਾ ਵੀ ਧਰਮ ਜਬਰਦਸਤੀ ਬਦਲਿਆ ਜਾਵੇ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਖਾਲਸਾ ਤਿਆਰ ਕਰਨ ਦਾ ਰਾਹ ਵਿਖਾਇਆ ਕੋਈ ਸ਼ਕ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਦੇ ਸ਼ਾਂਤ-ਚਿਤ ਅਵਸਥਾ ਵਿੱਚ ਬੈਠੇ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਦਾ ਰਾਹ ਵਿਖਾਇਆ ਸੀ। ਤਿਆਗ ਮਲ ਤੋਂ ਤੇਗ ਬਹਾਦਰ ਬਣੇ ਗੁਰੂ ਜੀ ਨੇ ਸਿੱਖਾਂ ਨੂੰ ਸਿੰਘ ਬਣਾਉਣ ਦਾ ਰਾਹ ਉਲੀਕਿਆ। ਸੰਸਾਰ ਦੇ ਇਤਿਹਾਸ ਵਿੱਚ ਅਜਿਹੇ ਲੋਕਾਂ ਦੇ ਬਲਿਦਾਨ ਦੀ ਕੋਈ ਕਮੀ ਨਹੀਂ ਜਿਨ੍ਹਾਂ ਨੇ ਆਪਣਾ ਜੀਵਨਾ ਸਿਰਫ ਆਪਦੇ ਸਿਧਾਂਤਾ ਦੀ ਰੱਖਿਆ ਲਈ ਕੁਰਬਾਨ ਕੀਤਾ ਹੋਵੇ। ਅਜਿਹਾ ਕੋਈ ਵਿਰਲਾ ਹੀ 'ਤਿਆਗ ਮਲ' ਬਣਦਾ ਹੈ ਜੋ ਆਪਣੇ ਜੀਵਨ ਨੂੰ ਅਜਿਹੇ ਧਾਰਮਿਕ ਆਦਰਸ਼ਾਂ ਲਈ ਕੁਰਬਾਨ ਕਰਦਾ ਹੈ ਜਿਹਨਾਂ ਉੱਤੇ ਉਸਦਾ ਆਪਣਾ ਕੋਈ ਵਿਸ਼ਵਾਸ ਨਹੀਂ। ਗੁਰੂ ਤੇਗ ਬਹਾਦਰ ਜੀ ਦਾ ਬਲਿਦਾਨ ਪਰਉਪਕਾਰੀ ਭਾਵਨਾ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦਾ ਹੈ।

> "ਤੀਰਥ ਬਰਤ ਅਰੁ ਦਾਨ ਕਰਿ
> ਮਨ ਮੈ ਧਰੈ ਗੁਮਾਨੁ
> ਨਾਨਕ ਨਿਹਫਲ ਜਾਤ ਤਿਹਿ
> ਜਿਉ ਕੁੰਚਰ ਇਸਨਾਨੁ"[6]

ਹਿੰਦੂ ਧਰਮ ਵਿੱਚ ਸਰਬਸ੍ਰੇਸ਼ਟ ਸਮਝੇ ਜਾਣ ਵਾਲੇ ਕਰਮਕਾਂਡਾਂ 'ਤੀਰਥ, ਵ੍ਰਤ ਅਤੇ ਦਾਨ' ਨੂੰ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਬਾਣੀ ਵਿੱਚ ਰੱਦ ਕਰਦੇ ਹਨ। ਮੰਦਰ-ਢਾਹ ਯੋਜਨਾ ਅਧੀਨ ਔਰੰਗਜੇਬ ਨੇ ਕਿਤਨੀ ਸਖਤੀ ਵਰਤੀ ਕਿਤਨੇ ਹਜਾਰਾ ਮੰਦਿਰ ਢਾਹੇ ਗਏ ਇਸ ਸਬੰਧੀ ਜਦੋਂ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦੀ ਬਣੇ ਤਾਂ ਗੁਰੂ ਜੀ

Scanned with OKEN Scanner

ਨੇ ਬਿਨਾਂ ਕਿਸੇ ਦੇਰੀ ਤੋਂ ਉਹਨਾਂ ਦੀ ਬਾਂਹ ਫੜੀ ਅਤੇ ਬਾਂਹ ਫੜ ਕੇ ਆਪਦਾ ਪ੍ਰਣ ਵੀ ਨਿਭਾਇਆ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿਲੀ ਸ਼ਹੀਦ ਕਰ ਦਿੱਤਾ ਗਿਆ।

"ਬਾਂਹਿ ਜਿਨਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋਡੀਐ
ਗੁਰ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋਡੀਐ"[7]

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਕਰਨੀ ਤੇ ਕਥਨੀ ਨੂੰ ਜੋੜ ਕੇ ਆਪਣੇ ਆਪ ਨੂੰ ਸਮੇਂ ਦੀ ਹਕੂਮਤ ਦਾ ਗੁਲਾਮ ਨਾ ਬਣਨ ਦਿੱਤਾ। ਆਪਣੇ ਆਪ ਨੂੰ ਸੱਤਾ ਦੇ ਨਸ਼ੇ ਵਿੱਚ ਚੂਰ ਹਾਕਮ ਅੱਗੇ ਫੌਲਾਦ ਬਣਾ ਕੇ ਅੜਾ ਦਿੱਤਾ ਅਤੇ ਧਰਮ ਹੇਤ ਰੱਖਿਆ ਲਈ ਸੀਸ ਤਾਂ ਦੇ ਦਿੱਤਾ ਪਰ ਸਿਰਰ ਨਾ ਦਿੱਤਾ। ਗੁਰੂ ਤੇਗ ਬਹਾਦਰ ਜੀ ਦਾ ਦ੍ਰਿੜ੍ਹ ਨਿਸ਼ਚਾ, ਦ੍ਰਿੜ੍ਹ ਵਿਸ਼ਵਾਸ, ਦ੍ਰਿੜ੍ਹ ਸੰਕਲਪ ਉਹਨਾਂ ਦੀ ਸ਼ਹਾਦਤ ਨੂੰ ਦ੍ਰਿੜ੍ਹਤਾ ਦੇ ਗਿਆ। ਗੁਰੂ ਜੀ ਦੁਆਰਾ ਪੀਤਾ ਗਿਆ ਸ਼ਹਾਦਤ ਦਾ ਇਹ ਜਾਮ ਇਕ ਨਵੇਂ ਸਿੱਖ ਇਤਿਹਾਸ ਦਾ ਰਹਿਬਰ ਬਣਦਾ ਹੈ ਧਰਮ ਅਤੇ ਸੱਚ ਦੇ ਰਾਹ ਤੇ ਤੁਰਨ ਵਾਲਿਆਂ ਨੂੰ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹ ਜਾਣ ਦਾ ਜਿਗਰਾ ਦਿੰਦਾ ਹੈ। ਜਬਰ ਤੇ ਜ਼ੁਲਮ ਖਿਲਾਫ਼ ਔਰੰਗਜੇਬ ਦੇ ਵਿਰੁੱਧ ਜਾਂ ਉਸਦੇ ਧਰਮ ਪਰਿਵਰਤਨ ਦੇ ਫਤਵੇ ਨੂੰ ਰੱਦ ਕਰਨ ਵਾਲੇ ਗੁਰੂ ਤੇਗ ਬਹਾਦਰ ਸਭ ਤੋਂ ਪਹਿਲੇ ਬਹਾਦਰ ਹੋ ਨਿਬੜੇ ਅਤੇ ਸਮੇਂ ਦੀ ਹਕੂਮਤ ਨੂੰ ਆਉਣ ਵਾਲੇ ਸਮੇਂ ਵਿੱਚ ਆਪਣਾ ਰਾਜ ਹਿੱਲਦਾ ਦਿਖਿਆ। ਰਹਿੰਦੀ ਦੁਨੀਆਂ ਤੱਕ ਗੁਰੂ ਸਾਹਿਬ ਦੀ ਸ਼ਹਾਦਤ ਆਪਣੇ ਧਰਮ ਤੇ ਅੜਿਗ ਰਹਿਣ ਦੀ ਪ੍ਰੇਰਨਾ ਦਿੰਦੀ ਰਹੇਗੀ।

ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਹਿ

### ਹਵਾਲੇ ਅਤੇ ਟਿੱਪਣੀਆਂ


1. ਪਿਆਰਾ ਸਿੰਘ ਪਦਮ, 'ਤੇਗ ਬਹਾਦਰ ਸਿਮਰੀਐ', ਪੰਨਾ 25
2. ਉਹੀ, ਪੰਨਾ 15
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412
4. ਸੰਪਾਦਕ ਪਿਆਰਾ ਸਿੰਘ, ਸ੍ਰੀ ਗੁਰੂ ਤੇਗ ਬਹਾਦਰ (ਫਾਰਸੀ ਸਰੋਤ), ਪੰਨਾ 65
5. ਡਾ. ਜਸਪਾਲ ਕੌਰ ਕੰਗ, ਸ਼ਬਦ ਬੂੰਦ, ਪੰਨਾ 85
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1428
7. ਬਾਣੀ ਦਸਮ ਗ੍ਰੰਥ


# ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਸਦਾਚਾਰੀ ਜੀਵਨ

ਡਾ. ਸਿਮਰਤ ਪਾਲ*

ਸਦਾਚਾਰ ਸ਼ਬਦ ਸਦ+ਅਚਾਰ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਸਦਾਚਾਰ ਸਾਡੇ ਜੀਵਨ ਦਾ ਅਭਿੰਨ ਅੰਗ ਹੈ। ਇਹ ਸਾਡੇ ਜੀਵਨ ਦੇ ਹਰ ਪਹਿਲੂ ਵਿੱਚ ਵਿਰਾਜਮਾਨ ਹੈ। ਇਸ ਕਰਕੇ ਸਦਾਚਾਰ ਸਾਡੇ ਧਰਮ ਦਾ ਵੀ ਅਟੁੱਟ ਅੰਗ ਹੈ। ਦੁਨੀਆਂ ਦੇ ਹਰ ਧਰਮ ਵਿੱਚ ਸਦਾਚਾਰ ਦਾ ਵਿਸ਼ੇਸ਼ ਮਹੱਤਵ ਹੈ। ਚੰਗੇ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਦਾਚਾਰ ਦੀ ਪਾਲਣਾ ਕਰਨੀ ਚਾਹੀਦੀ ਹੈ। ਗੁਰਬਾਣੀ ਵਿੱਚ ਵੀ ਸਦਾਚਾਰ ਉੱਤੇ ਕਾਫੀ ਬਲ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਦਾਚਾਰ ਨੂੰ ਉੱਚਾ ਸਥਾਨ ਪ੍ਰਾਪਤ ਹੈ। ਆਪ ਜੀ ਨੇ ਮਾਇਆ, ਲੋਭ, ਮੋਹ, ਹੰਕਾਰ, ਪਰਾਈ ਇਸਤਰੀ ਆਦਿ ਸੰਸਾਰਿਕ ਪਦਾਰਥਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਗੁਰੂ ਜੀ ਦੀ ਬਾਣੀ ਅਨੁਸਾਰ ਮਨੁੱਖ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਸੰਸਾਰ ਵਿੱਚ ਇਤਨਾ ਮਗਨ ਹੋ ਜਾਂਦਾ ਹੈ ਕਿ ਉਹ ਸਭ ਕੁੱਝ ਭੁੱਲ ਜਾਂਦਾ ਹੈ। ਮਾਇਆ ਨਾਲ ਭਰੇ ਇਸ ਸੰਸਾਰ ਨੂੰ ਜੋ ਕਿ ਨਾਸ਼ਮਾਨ ਹੈ ਉਸ ਨੂੰ ਸੱਚ ਮੰਨ ਲੈਂਦਾ ਹੈ, ਉਹ ਇਸ ਅਸਥਿਰ ਸੰਸਾਰ ਨੂੰ ਸਥਿਰ ਮੰਨ ਲੈਂਦਾ ਹੈ। ਮਨੁੱਖ ਭੁਲੇਖੇ ਵਿੱਚ ਸੰਸਾਰ ਤੋਂ ਸਥਾਈ ਸੰਤੁਸ਼ਟਤਾ ਚਾਹੁੰਦਾ ਹੈ, ਪਰ ਇਹ ਸੰਸਾਰਿਕ ਪਦਾਰਥਾਂ ਮ੍ਰਿਗ ਤ੍ਰਿਸ਼ਨਾ ਦੇ ਬਰਾਬਰ ਹਨ:-

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ
ਦੇਖਿ ਤਾਸਿ ਉਠਿ ਧਾਵੈ॥੧॥[1] ਗਉੜੀ, 219

ਜਿਸ ਤਰ੍ਹਾਂ ਮ੍ਰਿਗ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ ਉਸੇ ਤਰ੍ਹਾਂ ਮਨੁੱਖ ਨੂੰ ਮਾਇਆ ਦੀ ਲਾਲਸਾ ਟਿਕਣ ਨਹੀਂ ਦਿੰਦੀ। ਗੁਰੂ ਜੀ ਕਹਿੰਦੇ ਹਨ ਕਿ ਮਾਇਆ ਵੱਡੇ ਵੱਡੇ ਜੋਗੀਆਂ ਨੂੰ ਵੀ ਆਪਣੇ ਜਾਲ ਵਿੱਚ ਫਸਾ ਲੈਂਦੀ ਹੈ ਅਤੇ ਇਸ ਮਾਇਆ ਤੋਂ ਕੋਈ ਟਾਂਵਾ ਹੀ ਬਚ ਸਕਿਆ ਹੈ:-

ਜੋਗੀ ਜੰਗਮ ਅਰੁ ਸੰਨਿਆਸ
ਸਭ ਹੀ ਪਰਿ ਡਾਰੀ ਇਹ ਫਾਸ ॥੧॥[2] ਬਸੰਤੁ, 1183

ਗੁਰੂ ਜੀ ਅਨੁਸਾਰ ਇਹ ਮਾਇਆ ਇਤਨੀ ਸ਼ਕਤੀਸ਼ਾਲੀ ਹੈ ਕਿ ਉਹ ਹਰ ਮਨੁੱਖ ਨੂੰ

* ਜੀਵਨ ਚਾਨਣ ਮਹਿਲਾ ਮਹਾਂਵਿਦਿਆਲਯ, ਅਸੰਧ, ਕਰਨਾਲ



Scanned with OKEN Scanner